# ਸਰਕਾਰੀ ਇਨਸਰਵਿਸ ਟਰੇਨਿੰਗ ਸੈਂਟਰ, ਬਠਿੰਡਾ

ਵੱਲ:

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ।

ਪੱਤਰ ਨੰਬਰ- 660 ਮਿਤੀ- 03/01/2017

**ਵਿਸ਼ਾ- ਸਾਰੇ ਵਿਸ਼ਿਆਂ ਦੇ ਅਧਿਆਪਕਾਂ ਦੀ ਟੀਚਰ ਟ੍ਰੇਨਿੰਗ ਦੇ 10 ਦਿਨ ਪੂਰੇ ਕਰਨ ਸਬੰਧੀ ਜ਼ਿਲੇ ਦੇ ਸਮੂਹ ਸਕੂਲ ਮੁੱਖੀਆਂ ਵਾਸਤੇ ਜਰੂਰੀ ਹਦਾਇਤਾਂ।**

ਉਪਰੋਕਤ ਵਿਸ਼ੇ ਸੰਬੰਧ ਵਿੱਚ ਜ਼ਿਲੇ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਾਰੇ ਵਿਸ਼ਿਆਂ ਦੀ ਚਲਾਈ ਜਾ ਰਹੀ ਟੀਚਰ ਟ੍ਰੇਨਿੰਗ ਵਿੱਚ ਹਰੇਕ ਵਿਸ਼ੇ ਦੇ ਅਧਿਆਪਕ ਨੇ 10 ਦਿਨਾਂ ਵਾਸਤੇ ਭਾਗ ਲੈਣਾ ਹੈ।

ਕ੍ਰਿਪਾ ਕਰਕੇ ਇਹ ਚੈੱਕ ਕਰ ਲਿਆ ਜਾਵੇ ਕਿ ਜੇਕਰ ਕਿਸੇ ਅਧਿਆਪਕ ਦੇ ਰਮਸਅ ਜਾਂ ਸਸਅ ਤਹਿਤ 10 ਦਿਨ ਪੂਰੇ ਹੋ ਗਏ ਹੋਣ ਤਾਂ ਉਹਨਾਂ ਨੂੰ ਹੁਣ ਕਿਸੇ ਵੀ ਸੈਮੀਨਾਰ ਵਾਸਤੇ ਫਾਰਗ ਨਾਂ ਕੀਤਾ ਜਾਵੇ ਚਾਹੇ ਇਸ ਦਫਤਰ ਵੱਲੋਂ ਭੇਜੀ ਸੈਮੀਨਾਰ ਸੂਚੀ ਵਿੱਚ ਉਹਨਾਂ ਦਾ ਨਾਮ ਵੀ ਦਰਜ ਹੋ ਗਿਆ ਹੋਵੇ।

ਜੇਕਰ ਸਮਾਜਿਕ ਸਿੱਖਿਆ/ਅੰਗਰੇਜੀ ਵਿਸ਼ੇ ਦੇ ਕਿਸੇ ਅਧਿਆਪਕ ਨੇ ਅੰਗਰੇਜੀ ਵਿਸ਼ੇ ਦੀ 5 ਦਿਨਾਂ ਟ੍ਰੇਨਿੰਗ ਅਤੇ ਸ.ਸ. ਵਿਸ਼ੇ ਦੀ ਵੀ 5 ਦਿਨਾਂ ਟ੍ਰੇਨਿੰਗ ਲੈ ਲਈ ਹੈ ਤਾਂ ਉਸਦੇ ਵੀ ਕੁੱਲ 10 ਦਿਨ ਗਿਣੇ ਜਾਣਗੇ।

ਕਿਸੇ ਵੀ ਅਧਿਆਪਕ ਨੂੰ 10 ਦਿਨਾਂ ਤੋਂ ਵਧੇਰੇ ਦਿਨਾਂ ਦੀ ਟ੍ਰੇਨਿੰਗ ਵਾਸਤੇ ਸਰਕਾਰੀ ਇਨਸਰਵਿਸ ਟਰੇਨਿੰਗ ਸੈਂਟਰ ਵਿਖੇ ਨਾਂ ਭੇਜਿਆ ਜਾਵੇ।

(ਸਹੀ/)
ਪ੍ਰਿੰਸੀਪਲ
ਸਰਕਾਰੀ ਇਨਸਰਵਿਸ ਟਰੇਨਿੰਗ ਸੈਂਟਰ,
ਬਠਿੰਡਾ।

**ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ.),ਬਠਿੰਡਾ**

ਵੱਲ

ਸਬੰਧਤ ਸਕੂਲ ਮੁਖੀ,
ਬਠਿੰਡਾ

ਪੱਤਰ ਨੰ: 1425 ਮਿਤੀ ਬਠਿੰਡਾ:03.01.2017

ਉਪਰੋਕਤ ਪੱਤਰ ਦਾ ਉਤਾਰਾ ਮੂਲ ਰੂਪ ਵਿੱਚ ਇੰਨ ਬਿਨ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ।

3/1/17
ਜਿਲਾ ਸਿੱਖਿਆ ਅਫਸਰ (ਸੈ.ਸਿ.),ਬਠਿੰਡਾ